# ਪਿੱਠ-ਭੂਮੀ 1

ਤੁਰੰਤ ਜਾਰੀ ਕਰਨ ਹਿਤ ਵਿੱਤ ਮੰਤਰਾਲਾ
2021FIN0023-000744
20 ਅਪ੍ਰੈਲ, 2021

**ਆਰਥਕ ਝਲਕ: ਬੀ ਸੀ ਲਈ ਇੱਕ ਮਜ਼ਬੂਤ ਆਰਥਕ ਮੁੜ-ਬਹਾਲੀ ਵਿੱਚ ਨਿਵੇਸ਼**

ਬਾਕੀ ਸੰਸਾਰ ਵਾਂਗ, ਬ੍ਰਿਟਿਸ਼ ਕੋਲੰਬੀਆ ਦੀ ਆਰਥਕਤਾ ਨੇ ਵੀ ਕੋਵਿਡ-19 ਦੀ ਮਹਾਮਾਰੀ ਕਰਕੇ ਇੱਕ ਚੁਣੌਤੀਪੂਰਣ ਅਪੂਰਵ ਵਰ੍ਹੇ ਦਾ ਸਾਹਮਣਾ ਕੀਤਾ ਹੈ, ਪਰ ਆਰਥਕ ਮੁੜ-ਬਹਾਲੀ ਦੇ ਮਜ਼ਬੂਤ ਸੰਕੇਤ ਪਹਿਲਾਂ ਹੀ ਮੌਜੂਦ ਹਨ।

ਬਜਟ 2021 ਵਿੱਚ $8.1 ਬਿਲੀਅਨ ਦਾ ਇੱਕ ਨਵਪੂਰਤ ਪੂਰਵ-ਅਨੁਮਾਨਤ ਘਾਟਾ ਸ਼ਾਮਲ ਹੈ, ਜੋ 2020 ਦੇ ਫ਼ਾਲ ਇਕਨੌਮਿਕ ਐਂਡ ਫ਼ਿਸਕਲ ਅਪਡੇਟ ਦੇ $13.6 ਬਿਲੀਅਨ ਦੇ ਅਨੁਮਾਨ ਨਾਲੋਂ ਘੱਟ ਹੈ। ਇਹ ਕਮੀ ਆਸ ਨਾਲੋਂ ਜ਼ਿਆਦਾ ਆਮਦਨੀ ਕਾਰਣ ਹੋਈ ਹੈ, ਜਿਸ ਵਿੱਚ ਮਜ਼ਬੂਤ ਰਿਹਾਇਸ਼ੀ ਅਤੇ ਪਰਚੂਨ ਵਿਕਰੀ, ਅਤੇ ਸੰਜਮ ਨਾਲ ਹੋਏ ਪਹਿਲਾਂ ਤੋਂ ਘੱਟ ਖ਼ਰਚੇ ਵਰਗੀਆਂ ਗਤੀਵਿਧੀਆਂ ਦੇ ਨਤੀਜੇ ਵੱਜੋਂ ਹੋਈ ਟੈਕਸ ਆਮਦਨੀ ਸ਼ਾਮਲ ਹੈ। ਬੀ ਸੀ ਦੇ ਇੱਕ ਮਜ਼ਬੂਤ, ਸਥਿਤੀ ਅਨੁਰੂਪ ਵਧੇਰੇ ਢਲ ਸਕਣ ਵਾਲੇ ਆਰਥਕ ਭਵਿੱਖ ਲਈ ਸਰਕਾਰ ਦਾ ਧਿਆਨ ਲੋਕਾਂ, ਕਾਰੋਬਾਰਾਂ ਅਤੇ ਭਾਈਚਾਰਿਆਂ ਨੂੰ ਸਹਾਰਾ ਦੇਣਾ ਜਾਰੀ ਰੱਖਣ ‘ਤੇ ਕੇਂਦ੍ਰਿਤ ਹੈ।

**ਆਰਥਕ ਮੁੱਖ-ਅੰਸ਼**

- ਅਨੁਮਾਨ ਹੈ ਕਿ ਬੀ ਸੀ ਦਾ ਅਸਲ ਜੀ ਡੀ ਪੀ 2020 ਵਿੱਚ 5.3% ਤੱਕ ਸੁੰਗੜ ਗਿਆ ਸੀ, ਅਤੇ ਇਸ ਵਿੱਚ 2021 ਵਿੱਚ 4.4%, 2022 ਵਿੱਚ 3.8% ਅਤੇ 2023 ਵਿੱਚ 2.2% ਤੱਕ ਵਾਧਾ ਹੋਣਾ ਪ੍ਰਸਤਾਵਿਤ ਹੈ।
- 2020 ਦੇ ਅੱਧ ਤੱਕ ਪਰਚੂਨ ਅਤੇ ਘਰਾਂ ਦੀ ਵਿਕਰੀ, ਦੋਵੇਂ ਮਹਾਮਾਰੀ-ਪੂਰਵ ਪੱਧਰਾਂ ‘ਤੇ ਆ ਗਏ ਸਨ, ਜਿਸ ਵਿੱਚ ਵਿਆਜ ਦੀਆਂ ਘੱਟ ਦਰਾਂ ਅਤੇ ਵਸਤਾਂ ਦੀ ਖ਼੍ਰੀਦਾਰੀ ਪ੍ਰਤੀ ਉਪਭੋਗਤਾ ਦੇ ਮੁੱਖ ਝੁਕਾਅ ਨੇ ਮਦਦ ਕੀਤੀ, ਜਦ ਕਿ ਹੋਰਨਾਂ ਕਾਰਕਾਂ ਦੇ ਨਾਲ ਨਾਲ ਸੇਵਾਵਾਂ ਵਿੱਚ ਵਿਘਨ ਵੀ ਪੈਦਾ ਹੋਇਆ।
- ਅਪ੍ਰੈਲ 2020 ਵਿੱਚ ਪਰਚੂਨ ਵਿਕਰੀ ਵਿੱਚ ਹੁਣ ਤੱਕ ਦੇ ਰਿਕਾਰਡ ਅਨੁਸਾਰ ਸਭ ਤੋਂ ਵੱਧ ਮਹੀਨਾਵਾਰ ਕਮੀ ਆਈ; ਪ੍ਰੰਤੂ, ਪਰਚੂਨ ਵਿਕਰੀ ਵਿੱਚ ਮੁੜ ਉਛਾਲ ਆਇਆ ਅਤੇ ਜਨਵਰੀ 2021 ਵਿੱਚ ਇਹ ਇੱਕ ਸਾਲ ਪਹਿਲਾਂ ਨਾਲੋਂ 15.3% ਵੱਧ ਹੋ ਗਈ।
- ਮਹਾਮਾਰੀ ਦੇ ਬਾਵਜੂਦ ਰਿਹਾਇਸ਼ੀ ਬਾਜ਼ਾਰ ਦੀ ਗਤੀਵਿਧੀ ਸਥਿਤੀ ਦਾ ਟਾਕਰਾ ਕਰਨ ਦੀ ਸ਼ਕਤੀ ਦਰਸਾਉਂਦੀ ਰਹੀ, ਅਤੇ ਘਰਾਂ ਦੀ ਮਹੀਨਾਵਾਰ ਵਿਕਰੀ 2020 ਦੇ ਅੰਤ ਵਿੱਚ ਰਿਕਾਰਡ ਪੱਧਰ ‘ਤੇ ਪਹੁੰਚ ਗਈ ਅਤੇ 2021 ਵਿੱਚ ਵੀ ਵਧਦੀ ਚਲੀ ਆ ਰਹੀ ਹੈ।
- ਬੀ ਸੀ ਵਿੱਚ ਘਰਾਂ ਦੀ ਵਿਕਰੀ ਦੀ ਔਸਤ ਕੀਮਤ 2019 ਦੇ ਮੁਕਾਬਲੇ 2020 ਵਿੱਚ 11.6% ਤੱਕ ਵਧੀ ਹੈ।
- ਮਹਾਮਾਰੀ ਦੇ ਆਰੰਭ ਹੋਣ ਪਿੱਛੋਂ, ਬੀ ਸੀ ਵਿੱਚ ਇੱਕ ਅਨੋਖੀ ਗਿਣਤੀ ਵਿੱਚ ਨੌਕਰੀਆਂ ਖ਼ਤਮ ਹੋ ਗਈਆਂ। ਮਾਰਚ 2021 ਤੱਕ, ਬੀ ਸੀ ਵਿੱਚ ਕੁੱਲ ਰੁਜ਼ਗਾਰ ਮਾਹਾਮਾਰੀ-ਪੂਰਵ ਪੱਧਰ ਤੋਂ ਵੀ ਉਪਰ ਲੰਘ ਗਿਆ, ਜੋ ਸੂਬਿਆਂ ਵਿੱਚੋਂ ਰੁਜ਼ਗਾਰ ਮੁੜ-ਬਹਾਲੀ ਦੀ ਸਭ ਤੋਂ ਉੱਚੀ ਦਰ ਹੈ; ਪ੍ਰੰਤੂ, ਕੁਝ ਖੇਤਰ ਸੰਘਰਸ਼ ਕਰ ਰਹੇ ਹਨ ਅਤੇ ਹਰ ਕੋਈ ਇੱਕੋ ਜਿਹੇ ਢੰਗ ਨਾਲ ਪ੍ਰਭਾਵਤ ਨਹੀਂ ਹੋਇਆ।
- ਬਾਕੀ ਦੇ ਕੈਨੇਡਾ ਵਾਂਗ, ਮਹਾਮਾਰੀ ਦੇ ਸ਼ੁਰੂ ਵਿੱਚ ਮਾਰਚ ਅਤੇ ਅਪ੍ਰੈਲ 2020 ਵਿੱਚ ਬੀ ਸੀ ਨੂੰ ਵੀ ਬੇਰੁਜ਼ਗਾਰੀ ਦੀਆਂ ਉੱਚੀਆਂ ਦਰਾਂ ਦੇ ਅਨੁਭਵ ‘ਚੋਂ ਗੁਜ਼ਰਨਾ ਪਿਆ। 2020 ਵਿੱਚ ਬੀ ਸੀ ਦੀ ਬੇਰੁਜ਼ਗਾਰੀ ਦੀ ਔਸਤ ਦਰ 8.9% ਸੀ ਅਤੇ ਮਾਰਚ 2021 ਲਈ ਬੇਰੁਜ਼ਗਾਰੀ ਦੀ ਦਰ 6.9% ਸੀ।
- ਜਦੋਂ ਮਹਾਮਾਰੀ ਦਾ ਹਮਲਾ ਹੋਇਆ, ਤਾਂ ਕੈਨੇਡਾ ਵਿੱਚ ਬੇਰੁਜ਼ਗਾਰੀ ਦੀ ਦੂਜੀ ਸਭ ਤੋਂ ਘੱਟ ਦਰ ਦੇ ਲਿਹਾਜ਼ ਨਾਲ ਬੀ ਸੀ ਮੈਨੀਟੋਬਾ ਦੇ ਬਰਾਬਰ ਸੀ, ਅਤੇ ਮੌਜੂਦਾ ਸਮੇਂ ਕੈਨੇਡਾ ਵਿੱਚ ਇਸ ਦੀ ਬੇਰੁਜ਼ਗਾਰੀ ਦੀ ਤੀਜੀ ਸਭ ਤੋਂ ਘੱਟ ਦਰ ਹੈ।

## ਸੰਚਾਲਨ ਪਰਿਣਾਮ

- ਤੀਜੀ ਤਿਮਾਹੀ ਰਿਪੋਰਟ ਅਨੁਸਾਰ 2020-21 ਵਿੱਚ $8.1 ਬਿਲੀਅਨ ਦੇ ਸੰਚਾਲਨ ਘਾਟੇ ਦਾ ਅਨੁਮਾਨ ਹੈ।
- ਕੁੱਲ ਆਮਦਨੀ ਦਾ ਅਨੁਮਾਨ $61 ਬਿਲੀਅਨ ਹੈ, ਅਤੇ ਕੁੱਲ ਖ਼ਰਚੇ ਦਾ ਅਨੁਮਾਨ $69.1 ਬਿਲੀਅਨ ਹੈ।
- ਬਜਟ 2021 ਦੀ ਤਿੰਨ-ਸਾਲਾ ਮਾਲੀ ਯੋਜਨਾ ਦਰਸਾਉਂਦੀ ਹੈ ਕਿ ਘਾਟੇ ਵਿੱਚ ਕਮੀ ਹੁੰਦੀ ਜਾਏਗੀ, ਜਿਸ ਅਨੁਸਾਰ 2021-22 ਵਿੱਚ $9.7 ਬਿਲੀਅਨ, 2022-23 ਵਿੱਚ $5.5 ਬਿਲੀਅਨ ਅਤੇ 2023-24 ਵਿੱਚ $4.3 ਬਿਲੀਅਨ ਦਾ ਘਾਟਾ ਰਹੇਗਾ।
- ਪੂਰੀ ਤਿੰਨ-ਸਾਲਾ ਮਾਲੀ ਯੋਜਨਾ ਦੌਰਾਨ $8.7 ਬਿਲੀਅਨ ਦੇ ਨਵੇਂ ਬੁਨਿਆਦੀ ਬਜਟ ਨਿਵੇਸ਼ਾਂ ਰਾਹੀਂ ਮਹਾਮਾਰੀ ਦੌਰਾਨ ਲੋਕਾਂ ਨੂੰ ਸੁਰੱਖਿਅਤ ਅਤੇ ਸਿਹਤਮੰਦ ਰਹਿਣ ਵਿੱਚ ਸਹਾਇਤਾ ਮਿਲੇਗੀ ਅਤੇ ਇੱਕ ਅਜਿਹੀ ਆਰਥਕ ਮੁੜ-ਬਹਾਲੀ ਲਈ ਅਵਸਰ ਉਤਪੰਨ ਹੋਣਗੇ ਜਿਸ ਵਿੱਚ ਹੋਰ ਕੋਈ ਸ਼ਾਮਲ ਹੋਵੇਗਾ।
- ਇਸ ਮਾਲੀ ਯੋਜਨਾ ਦੇ ਪ੍ਰਸਤਾਵਾਂ ਵਿੱਚ ਸਿਹਤ ਅਤੇ ਆਰਥਕਤਾ ਦੇ ਲਿਹਾਜ਼ ਨਾਲ ਜਾਰੀ ਅਨਿਸ਼ਚਿਤਤਾ ਨੂੰ ਧਿਆਨ ਵਿੱਚ ਰੱਖ ਕੇ ਸਾਰਥਕ ਵਿਵੇਕ ਦੀ ਵਰਤੋਂ ਕੀਤੀ ਗਈ ਹੈ, ਜਿਸ ਵਿੱਚ ਸ਼ਾਮਲ ਹੈ:
  - ਮਹਾਮਾਰੀ ਨਾਲ ਸਬੰਧਤ ਸਿਹਤ ਜਾਂ ਆਰਥਕ ਮੁੜ-ਬਹਾਲੀ ਦੀਆਂ ਜ਼ਰੂਰਤਾਂ ਦੇ ਸਮਾਧਾਨ ਲਈ ਅਲਪ-ਕਾਲਿਕ ਪਹਿਲਕਦਮੀਆਂ ਨੂੰ ਮਾਲੀ ਮਦਦ ਦੇਣਾ ਜਾਰੀ ਰੱਖਣ ਲਈ ਮਹਾਮਾਰੀ ਅਤੇ ਆਰਥਕ ਮੁੜ-ਬਹਾਲੀ ਲਈ ਅਚਨਚੇਤੀ ਖ਼ਰਚੇ ਲਈ ਰਕਮ ਨਿਰਧਾਰਤ ਕੀਤੀ ਗਈ ਹੈ, ਜੋ 2021-22 ਵਿੱਚ $3.25 ਬਿਲੀਅਨ, 2022-23 ਵਿੱਚ $1 ਬਿਲੀਅਨ ਅਤੇ 2023-24 ਵਿੱਚ $300 ਮਿਲੀਅਨ ਹੋਵੇਗੀ।
  - ਅਣਕਿਆਸੇ ਦਬਾਵਾਂ ਦੇ ਪ੍ਰਬੰਧਨ ਵਿੱਚ ਸਹਾਇਤਾ ਕਰਨ ਲਈ ਸਧਾਰਣ ਪ੍ਰੋਗਰਾਮਾਂ ਵਾਸਤੇ ਅਚਨਚੇਤੀ ਖ਼ਰਚੇ ਲਈ ਨਿਰਧਾਰਤ ਕੀਤੀ ਗਈ ਰਕਮ 2021-22 ਵਿੱਚ $1 ਬਿਲੀਅਨ, 2022-23 ਵਿੱਚ $800 ਮਿਲੀਅਨ ਅਤੇ 2023-24 ਵਿੱਚ $700 ਮਿਲੀਅਨ ਹੋਵੇਗੀ।
  - ਪਰਿਵਰਤਨਸ਼ੀਲਤਾ, ਜਿਵੇਂ ਕਿ ਆਮਦਨੀ ਵਿੱਚ ਪਰਿਵਰਤਨ, ਤੋਂ ਸੁਰੱਖਿਆ ਲਈ ਸਾਲਾਨਾ ਅਨੁਮਾਨ ਵਿੱਚ 2021-22 ਵਿੱਚ $1 ਬਿਲੀਅਨ, 2022-23 ਵਿੱਚ $750 ਮਿਲੀਅਨ ਅਤੇ 2023-24 ਵਿੱਚ $400 ਮਿਲੀਅਨ ਦੀ ਗੁੰਜਾਇਸ਼ ਰੱਖੀ ਗਈ ਹੈ।
  - ਕੇਸਲੋਡ ਦਬਾਵਾਂ ਅਤੇ ਤਰਜੀਹੀ ਪਹਿਲਕਦਮੀਆਂ ਜਿਨ੍ਹਾਂ ਲਈ ਭਵਿੱਖ ਦੇ ਬਜਟਾਂ ਵਿੱਚ ਮਾਲੀ ਮਦਦ ਦੀ ਲੋੜ ਪੈ ਸਕਦੀ ਹੈ, ਲਈ 2022-23 ਵਿੱਚ $1.5 ਬਿਲੀਅਨ ਅਤੇ 2023-24 ਵਿੱਚ $2 ਬਿਲੀਅਨ ਦੀ ਅਨੁਮਾਨਤ ਰਕਮ ਨਿਰਧਾਰਤ ਕੀਤੀ ਗਈ ਹੈ।
  - ਬੀ ਸੀ ਦੀ ਅਸਲ ਜੀ ਡੀ ਪੀ ਦੇ ਵਿਕਾਸ ਦਾ ਅਨੁਮਾਨ ਇਕਨੌਮਿਕ ਫ਼ੋਰਕਾਸਟ ਕਾਉਂਸਲ ਦੁਆਰਾ ਪ੍ਰਦਾਨ ਕੀਤੀ ਗਏ ਦ੍ਰਿਸ਼ਟੀਕੋਣ ਨਾਲੋਂ ਘੱਟ ਹੈ (2021 ਅਤੇ 2022, ਦੋਹਾਂ ਵਿੱਚ 0.5 ਪ੍ਰਤੀਸ਼ਤਤਾ ਅੰਕ ਘੱਟ ਹੈ, ਅਤੇ 2023 ਅਤੇ 2024, ਦੋਹਾਂ ਵਿੱਚ 0.2 ਪ੍ਰਤੀਸ਼ਤਤਾ ਅੰਕ ਘੱਟ ਹੈ)।

## ਕੋਵਿਡ-19 ਖ਼ਰਚ

- ਮਾਲੀ ਯੋਜਨਾ ਦੌਰਾਨ, ਬਜਟ ਵਿੱਚ $8.7 ਬਿਲੀਅਨ ਦੇ ਵਾਧਿਆਂ ਅਤੇ ਮਹਾਮਾਰੀ ਅਤੇ ਆਰਥਕ ਮੁੜ-ਬਹਾਲੀ ਲਈ ਅਚਨਚੇਤੀ ਖ਼ਰਚੇ ਲਈ $4.6 ਬਿਲੀਅਨ ਰਾਹੀਂ ਬਜਟ 2021 ਸਿਹਤ ਅਤੇ ਸੁਰੱਖਿਆ, ਲੋਕਾਂ ਅਤੇ ਕਾਰੋਬਾਰਾਂ ਨੂੰ ਸਹਾਰਾ ਦੇਣ ਅਤੇ ਵਧੇਰੇ ਚਿਰਕਾਲੀ ਆਰਥਕ ਮੁੜ-ਬਹਾਲੀ ਲਈ ਤਿਆਰੀ ਕਰਨ 'ਤੇ ਕੇਂਦ੍ਰਿਤ ਹੈ।
- 2021-22 ਲਈ ਮਹਾਮਾਰੀ ਅਤੇ ਆਰਥਕ ਮੁੜ-ਬਹਾਲੀ ਲਈ ਅਚਨਚੇਤੀ ਖ਼ਰਚੇ ਲਈ ਨਿਰਧਾਰਤ $3.25 ਬਿਲੀਅਨ ਨਾਲ ਪ੍ਰੋਗਰਾਮਾਂ ਅਤੇ ਸੇਵਾਵਾਂ ਨੂੰ ਇਸ ਤਰ੍ਹਾਂ ਸਹਾਰਾ ਮਿਲੇਗਾ:
  - $900 ਮਿਲੀਅਨ ਕੋਵਿਡ-19 ਦੇ ਸਿਹਤ-ਸਬੰਧਤ ਪ੍ਰਬੰਧਨ ਲਈ।
  - $1.05 ਬਿਲੀਅਨ ਲੋਕਾਂ ਅਤੇ ਕਾਰੋਬਾਰਾਂ ਨੂੰ ਸਹਾਰਾ ਦੇਣ ਲਈ।
  - $200 ਮਿਲੀਅਨ ਆਰਥਕ ਮੁੜ-ਬਹਾਲੀ ਲਈ ਤਿਆਰੀ ਕਰਨ ਲਈ।
  - $1.1 ਬਿਲੀਅਨ ਕਿਸੇ ਅਣਕਿਆਸੇ ਅਤੇ ਤਤਕਾਲ ਸਿਹਤ ਜਾਂ ਆਰਥਕ ਮੁੜ-ਬਹਾਲੀ ਸਬੰਧੀ ਉਪਾਵਾਂ ਵਿੱਚ ਸਹਾਇਤਾ ਲਈ ਰਾਖਵੇਂ।
- 2020-21 ਵਿੱਚ, ਸੂਬਾ ਸਰਕਾਰ ਨੇ ਕੋਵਿਡ-19 ਰਾਹਤ ਅਤੇ ਆਰਥਕ ਮੁੜ-ਬਹਾਲੀ ਸਬੰਧੀ ਉਪਾਵਾਂ ਵਿੱਚ $10 ਬਿਲੀਅਨ ਤੋਂ ਵੱਧ ਦਾ ਨਿਵੇਸ਼ ਕੀਤਾ। ਇਸ ਵਿੱਚ ਸ਼ਾਮਲ ਹੈ:
  - $6.7 ਬਿਲੀਅਨ ਸੰਕਟਮਈ ਸੇਵਾਵਾਂ ਨੂੰ ਸਹਾਰਾ ਦੇਣ ਲਈ, ਮਾਲੀ ਸਹਾਇਤਾ ਅਤੇ ਆਰਥਕ ਮੁੜ-ਬਹਾਲੀ ਨੂੰ ਸਹਾਰਾ ਪ੍ਰਦਾਨ ਕਰਨ ਲਈ ਮਹਾਮਾਰੀ ਪ੍ਰਤੀ ਕਾਰਵਾਈ ਅਤੇ ਆਰਥਕ ਮੁੜ-ਬਹਾਲੀ ਲਈ ਅਚਨਚੇਤੀ ਖ਼ਰਚੇ ਲਈ।

- $810 ਮਿਲੀਅਨ ਦਾ ਆਵਾਜਾਈ ਅਤੇ ਨਗਰਪਾਲਿਕਾਵਾਂ ਲਈ ਸਾਂਝਾ-ਖ਼ਰਚਾ ਅਧਾਰਤ ਸੂਬਾਈ ਅਤੇ ਫ਼ੈਡਰਲ ਰੀਸਟਾਰਟ ਪਹਿਲਕਦਮੀਆਂ ਵਿੱਚ ਸੂਬਾਈ ਯੋਗਦਾਨ।
- $3 ਬਿਲੀਅਨ ਹੋਰ ਦੂਸਰੇ ਕਾਰਵਾਈ ਸਬੰਧੀ ਅਤੇ ਅਸਥਾਈ ਰਾਹਤ ਉਪਾਵਾਂ ਲਈ, ਜਿਸ ਵਿੱਚ ਟੈਕਸ ਕ੍ਰੈਡਿਟ ਅਤੇ ਛੋਟਾਂ ਸ਼ਾਮਲ ਹਨ।

**ਪੂੰਜੀਗਤ ਖ਼ਰਚ**

- ਮਾਲੀ ਯੋਜਨਾ ਦੌਰਾਨ, ਕਰਦਾਤਾ ਦੁਆਰਾ ਪ੍ਰਦਾਨ ਸਹਾਇਤਾ ਤੋਂ ਪ੍ਰਾਪਤ ਕੁੱਲ ਪ੍ਰਸਤਾਵਿਤ ਪੂੰਜੀਗਤ ਖ਼ਰਚ $26.4 ਬਿਲੀਅਨ ਹੈ। ਮੌਜੂਦਾ ਪ੍ਰੋਜੈਕਟਾਂ ਵਿੱਚ ਨਿਵੇਸ਼ ਰਾਹੀਂ ਆਰਥਕ ਮੁੜ-ਬਹਾਲੀ ਨੂੰ ਸਹਾਰਾ ਦੇਣ ਲਈ ਪੂੰਜੀਗਤ ਯੋਜਨਾ ਸਹੀ ਸਥਿਤੀ ਵਿੱਚ ਹੈ, ਤਾਂ ਕਿ ਲੋਕ ਤੁਰੰਤ ਕੰਮ 'ਤੇ ਵਾਪਸ ਜਾ ਸਕਣ ਅਤੇ ਇਸ ਵਿੱਚ ਚਿਰਕਾਲੀ ਆਰਥਕ ਮੁੜ-ਬਹਾਲੀ ਦੀ ਨੀਂਹ ਦਾ ਨਿਰਮਾਣ ਕਰਨ ਲਈ ਨਿਵੇਸ਼ ਵੀ ਸ਼ਾਮਲ ਹਨ।
- ਬਜਟ 2021 ਦਾ ਤਿੰਨ ਸਾਲਾਂ ਦੌਰਾਨ ਪ੍ਰਸਤਾਵਿਤ ਖ਼ਰਚ ਉਸ ਤਿੰਨ-ਸਾਲਾ ਯੋਜਨਾ ਨਾਲੋਂ $3.5 ਬਿਲੀਅਨ ਜ਼ਿਆਦਾ ਹੈ, ਜਿਸ ਦੀ ਰੂਪ-ਰੇਖਾ ਬਜਟ 2020 ਵਿੱਚ ਦਿੱਤੀ ਗਈ ਸੀ ਅਤੇ ਇਸ ਰਾਹੀਂ ਮਾਲੀ ਯੋਜਨਾ ਦੀ ਅਵਧੀ ਦੌਰਾਨ 85,000 ਤੋਂ ਵੱਧ ਨੌਕਰੀਆਂ ਉਤਪੰਨ ਹੋਣ ਦੀ ਆਸ ਹੈ।

**ਕਰਜ਼ੇ ਦੇ ਪੱਧਰ**

- ਜਿਨ੍ਹਾਂ ਬ੍ਰਿਟਿਸ਼ ਕੋਲੰਬੀਆ ਨਿਵਾਸੀਆਂ ਨੂੰ ਸਹਾਰੇ ਦੀ ਜ਼ਰੂਰਤ ਹੈ, ਉਨ੍ਹਾਂ ਲਈ ਇਸ ਨੂੰ ਯਕੀਨੀ ਬਣਾਉਣ ਲਈ ਅਤੇ ਬੀ ਸੀ ਵਾਸਤੇ ਇੱਕ ਮਜ਼ਬੂਤ ਆਰਥਕ ਮੁੜ-ਬਹਾਲੀ ਲਈ ਲੋੜੀਂਦੇ ਨਿਵੇਸ਼ਾਂ ਦੇ ਵਿੱਤ-ਪੋਸ਼ਣ ਲਈ ਕਰਜ਼ੇ ਦੇ ਵੱਡੀ ਹੱਦ ਤੱਕ ਵਧ ਜਾਣ ਦੀ ਆਸ ਹੈ।
- ਬੀ ਸੀ ਦੇ ਕਰਦਾਤਾ ਦੁਆਰਾ ਪ੍ਰਦਾਨ ਸਹਾਇਤਾ 'ਤੇ ਅਧਾਰਤ ਪ੍ਰਸਤਾਵਿਤ ਕਰਜ਼ੇ ਦੀ ਰਕਮ 2021-22 ਦੇ ਮਾਲੀ ਸਾਲ ਦੇ ਅੰਤ 'ਤੇ $71.6 ਬਿਲੀਅਨ, 2022-23 ਮਾਲੀ ਸਾਲ ਦੇ ਅੰਤ 'ਤੇ $82.8 ਬਿਲੀਅਨ ਅਤੇ 2023-24 ਦੇ ਮਾਲੀ ਸਾਲ ਦੇ ਅੰਤ 'ਤੇ $92.7 ਬਿਲੀਅਨ ਹੋਵੇਗੀ।
- ਕਰਦਾਤਾ ਦੁਆਰਾ ਪ੍ਰਦਾਨ ਸਹਾਇਤਾ 'ਤੇ ਅਧਾਰਤ ਕਰਜ਼ੇ ਅਤੇ ਜੀ ਡੀ ਪੀ ਦਾ ਅਨੁਪਾਤ, ਜੋ ਕ੍ਰੈਡਿਟ ਰੇਟਿੰਗ ਏਜੰਸੀਆਂ ਦੁਆਰਾ ਪ੍ਰਯੋਗ ਕੀਤਾ ਜਾਂਦਾ ਮੁੱਖ ਮਾਪਦੰਡ ਹੈ, ਪੂਰੀ ਮਾਲੀ ਯੋਜਨਾ ਦੌਰਾਨ 30% ਤੋਂ ਹੇਠਾਂ ਰਹਿਣ ਦੀ ਆਸ ਹੈ, ਜੋ 2023-24 ਤੱਕ 26.9% 'ਤੇ ਪਹੁੰਚ ਜਾਏਗਾ।
- ਕਰਜ਼ਾ ਲੈਣ ਵਿੱਚ ਮਹੱਤਵਪੂਰਣ ਹੱਦ ਤੱਕ ਵਾਧਾ ਹੋਣ ਅਤੇ ਕਰਜ਼ੇ ਦੇ ਪਹਿਲਾਂ ਨਾਲੋਂ ਉੱਚ ਪੱਧਰਾਂ ਦੇ ਬਾਵਜੂਦ, ਬੀ ਸੀ ਨੂੰ ਸੂਬੇ ਦੀ ਕ੍ਰੈਡਿਟ ਰੇਟਿੰਗ ਵਧੀਆ ਹੋਣ ਕਰਕੇ ਅੰਸ਼ਕ ਤੌਰ 'ਤੇ ਵਿਆਜ ਦੀਆਂ ਘੱਟ ਦਰਾਂ ਤੋਂ ਲਾਭ ਹੋਇਆ ਹੈ।
- ਨਤੀਜੇ ਵੱਜੋਂ, ਸੂਬੇ ਦਾ ਕਰਜ਼ਾ ਬਰਦਾਸ਼ਤ ਕਰਨ ਦੀ ਹੱਦ ਤੱਕ ਰਹੇਗਾ, ਜਿਸ ਨਾਲ ਲੋਕਾਂ ਅਤੇ ਕਾਰੋਬਾਰਾਂ ਨੂੰ ਮਹਾਮਾਰੀ ਦੌਰਾਨ ਸਹਾਰਾ ਦੇਣ ਲਈ ਅਤੇ ਇੱਕ ਮਜ਼ਬੂਤ ਆਰਥਕ ਮੁੜ-ਬਹਾਲੀ ਨੂੰ ਉਤਸ਼ਾਹਤ ਕਰਨ ਲਈ ਸਰਕਾਰ ਹੁਣ ਨਿਵੇਸ਼ ਕਰ ਸਕੇਗੀ।

ਇੱਕ ਸੰਤੁਲਿਤ ਬਜਟ ਅਤੇ ਮਾਲੀ ਸਥਿਰਤਾ ਦਾ ਮਾਰਗ ਸਰਕਾਰ ਦੀ ਤਰਜੀਹ ਹੈ, ਤਾਂ ਕਿ ਉਹ ਸੇਵਾਵਾਂ ਜਿਨ੍ਹਾਂ 'ਤੇ ਲੋਕ ਨਿਰਭਰ ਕਰਦੇ ਹਨ, ਨੂੰ ਪ੍ਰਦਾਨ ਕਰਨਾ ਜਾਰੀ ਰੱਖਿਆ ਜਾ ਸਕੇ ਅਤੇ ਹਰ ਕਿਸੇ ਲਈ ਇੱਕ ਵਧੇਰੇ ਮਜ਼ਬੂਤ, ਵਧੇਰੇ ਨਿਆਂਪੂਰਣ ਭਵਿੱਖ ਦਾ ਨਿਰਮਾਣ ਕੀਤਾ ਜਾ ਸਕੇ। ਭਾਵੇਂ ਮਹਾਮਾਰੀ ਦੇ ਜਾਰੀ ਪ੍ਰਭਾਵਾਂ ਦੇ ਨਤੀਜੇ ਵੱਜੋਂ ਪੈਦਾ ਹੋਈ ਅਸਥਿਰਤਾ ਦੇ ਅਣਕਿਆਸੇ ਪੱਧਰ ਦੇ ਕਾਰਣ ਸੰਤੁਲਨ ਕਾਇਮ ਹੋਣ ਬਾਰੇ ਕਿਸੇ ਵਿਸ਼ੇਸ਼ ਸਮਾਂ-ਸੀਮਾ ਦੀ ਬਿਲਕੁਲ ਸਹੀ ਢੰਗ ਨਾਲ ਭਵਿੱਖਬਾਣੀ ਕਰਨਾ ਸਮੇਂ ਤੋਂ ਪਹਿਲਾਂ ਦੀ ਗੱਲ ਹੋਵੇਗੀ, ਪਰ ਮੁਢਲੇ ਮੁਲਾਂਕਣ ਤੋਂ ਸੰਕੇਤ ਮਿਲਦਾ ਹੈ ਕਿ ਸੱਤ ਤੋਂ ਨੌਂ ਸਾਲਾਂ ਦੇ ਅੰਦਰ ਸੰਤੁਲਿਤ ਬਜਟਾਂ ਵੱਲ ਪਰਤਿਆ ਜਾ ਸਕੇਗਾ। ਇੱਕ ਵਿਸ਼ੇਸ਼ ਸਮਾਂ-ਸੀਮਾ, ਪਹੁੰਚ ਅਤੇ ਯੋਜਨਾ ਬਜਟ 2022 ਵਿੱਚ ਪੇਸ਼ ਕੀਤੀ ਜਾਏਗੀ ਜਦੋਂ ਸਰਕਾਰ ਨੂੰ ਆਰਥਕ ਮੁੜ-ਬਹਾਲੀ ਦੇ ਮਾਰਗ ਅਤੇ ਗਤੀ ਬਾਰੇ ਵਧੇਰੇ ਨਿਸ਼ਚਿਤਤਾ ਦੀ ਆਸ ਹੈ।

**ਸੰਪਰਕ:**
ਵਿੱਤ ਮੰਤਰਾਲਾ
ਮੀਡੀਆ ਸੰਪਰਕ
250 387-5710